ਮਿੱਠੇ ਬੱਚੇ:- "ਮਿੱਠੇ ਬੱਚੇ ਲਕਸ਼ ਨੂੰ ਸਦਾ ਸਾਹਮਣੇ ਰੱਖੋ ਤਾਂ ਦੈਵੀਗੁਣ ਆਉਂਦੇ ਜਾਣਗੇ। ਹੁਣ ਆਪਣੀ ਸੰਭਾਲ ਕਰਨੀ ਹੈ, ਆਸੁਰੀ ਗੁਣਾਂ ਨੂੰ ਕੱਢ ਕੇ ਦੈਵੀਗੁਣ ਧਾਰਨ ਕਰਨੇ ਹਨ"

ਪ੍ਰਸ਼ਨ:- ਆਯੂਸ਼ਵਾਨ ਭਵ ਦਾ ਵਰਦਾਨ ਮਿਲਦੇ ਹੋਏ ਵੀ ਵੱਡੀ ਉੱਮਰ ਦੇ ਲਈ ਕਿਹੜੀ ਮਿਹਨਤ ਕਰਨੀ ਹੈ?

ਉੱਤਰ:- ਵੱਡੀ ਉੱਮਰ ਦੇ ਲਈ ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਣਨ ਦੀ ਮਿਹਨਤ ਕਰੋ। ਜਿਨ੍ਹਾਂ ਬਾਪ ਨੂੰ ਯਾਦ ਕਰਾਂਗੇ ਉਤਨਾ ਹੀ ਸਤੋਪ੍ਰਧਾਨ ਬਣੋਗੇ ਅਤੇ ਉੱਮਰ ਵੱਡੀ ਹੋਵੇਗੀ ਫਿਰ ਮੌਤ ਦਾ ਡਰ ਨਿਕਲ ਜਾਵੇਗਾ। ਯਾਦ ਨਾਲ ਦੁੱਖ ਦੂਰ ਹੋ ਜਾਣਗੇ। ਤੁਸੀਂ ਫੁੱਲ ਬਣ ਜਾਵੋਗੇ। ਯਾਦ ਵਿੱਚ ਹੀ ਗੁਪਤ ਕਮਾਈ ਹੈ। ਯਾਦ ਨਾਲ ਪਾਪ ਕੱਟ ਜਾਂਦੇ ਹਨ। ਆਤਮਾ ਹਲਕੀ ਹੋ ਜਾਂਦੀ ਹੈ, ਉੱਮਰ ਲੰਬੀ ਹੋ ਜਾਂਦੀ ਹੈ।

ਓਮ ਸ਼ਾਂਤੀ। ਮਿੱਠੇ- ਮਿੱਠੇ ਰੂਹਾਨੀ ਬੱਚਿਆਂ ਪ੍ਰਤੀ ਬਾਪ ਸਮਝਾ ਰਹੇ ਹਨ, ਪੜ੍ਹਾ ਵੀ ਰਹੇ ਹਨ। ਕੀ ਸਮਝਾ ਰਹੇ ਹਨ? ਮਿੱਠੇ ਬੱਚਿਓ ਤੁਹਾਨੂੰ ਇੱਕ ਤਾਂ ਉੱਮਰ ਲੰਬੀ ਚਾਹੀਦੀ ਹੈ ਕਿਉਂਕਿ ਤੁਹਾਡੀ ਉੱਮਰ ਬਹੁਤ ਵੱਡੀ ਸੀ। 150 ਸਾਲ ਦੀ ਉੱਮਰ ਸੀ, ਵੱਡੀ ਉੱਮਰ ਕਿਵੇਂ ਮਿਲਦੀ ਹੈ? ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਣਨ ਨਾਲ। ਜਦੋਂ ਤੁਸੀਂ ਸਤੋਪ੍ਰਧਾਨ ਸੀ ਤਾਂ ਤੁਹਾਡੀ ਉੱਮਰ ਬਹੁਤ ਲੰਬੀ ਸੀ। ਹੁਣ ਤੁਸੀਂ ਉਪਰ ਚੜ੍ਹ ਰਹੇ ਹੋ। ਜਾਣਦੇ ਹੋ ਅਸੀਂ ਤਮੋਪ੍ਰਧਾਨ ਬਣੇ ਤਾਂ ਸਾਡੀ ਉੱਮਰ ਛੋਟੀ ਹੋ ਗਈ ਸੀ। ਤੰਦਰੁਸਤੀ ਵੀ ਠੀਕ ਨਹੀਂ ਸੀ। ਬਿਲਕੁਲ ਹੀ ਰੋਗੀ ਬਣ ਗਏ ਸੀ। ਇਹ ਜੀਵਨ ਪੁਰਾਣਾ ਹੈ ਨਵੇਂ ਨਾਲ ਭੇਂਟ ਕੀਤੀ ਜਾਂਦੀ ਹੈ। ਹੁਣ ਤੁਸੀਂ ਜਾਣਦੇ ਹੋ ਬਾਪ ਸਾਨੂੰ ਵੱਡੀ ਉੱਮਰ ਬਣਾਉਣ ਦਾ ਤਰੀਕਾ ਦਸਦੇ ਹਨ। ਮਿੱਠੇ - ਮਿੱਠੇ ਬੱਚਿਓ ਤੁਸੀਂ ਮੈਨੂੰ ਯਾਦ ਕਰੋਗੇ ਤਾਂ ਤੁਸੀਂ ਜਿਵੇਂ ਸਤੋਪ੍ਰਧਾਨ ਸੀ ਵੱਡੀ ਉੱਮਰ ਵਾਲੇ, ਤੰਦਰੁਸਤ ਸੀ, ਇਵੇਂ ਦੇ ਫ਼ਿਰ ਤੋਂ ਬਣ ਜਾਵੋਗੇ। ਉੱਮਰ ਘੱਟ ਹੋਣ ਨਾਲ ਮਰਨ ਦਾ ਡਰ ਰਹਿੰਦਾ ਹੈ। ਤੁਹਾਨੂੰ ਤਾਂ ਗਰੰਟੀ ਮਿਲਦੀ ਹੈ ਕਿ ਸਤਿਯੁੱਗ ਵਿੱਚ ਇਵੇਂ ਅਚਾਨਕ ਕਦੇ ਮਰੋਗੇ ਨਹੀਂ। ਬਾਪ ਨੂੰ ਯਾਦ ਕਰਦੇ ਰਹੋਗੇ ਤਾਂ ਉੱਮਰ ਵੱਡੀ ਹੋਵੇਗੀ ਅਤੇ ਸਾਰੇ ਦੁੱਖ ਵੀ ਦੂਰ ਹੋ ਜਾਣਗੇ। ਕਿਸੇ ਵੀ ਕਿਸਮ ਦਾ ਦੁੱਖ ਨਹੀਂ ਹੋਵੇਗਾ, ਹੋਰ ਤੁਹਾਨੂੰ ਕੀ ਚਾਹੀਦਾ ਹੈ? ਤੁਸੀਂ ਕਹਿੰਦੇ ਹੋ ਉੱਚ ਪਦ ਵੀ ਚਾਹੀਦਾ ਹੈ। ਤੁਹਾਨੂੰ ਪਤਾ ਨਹੀਂ ਸੀ ਕਿ ਇਵੇਂ ਦਾ ਪਦ ਵੀ ਮਿਲ ਸਕਦਾ ਹੈ। ਹੁਣ ਬਾਪ ਯੁਕਤੀ ਦਸਦੇ ਹਨ - ਇਵੇਂ ਕਰੋ। ਏਮ ਅਬਜੈਕਟ ਸਾਹਮਣੇ ਹੈ। ਤੁਸੀਂ ਇਵੇਂ ਦਾ ਪਦ ਪਾ ਸਕਦੇ ਹੋ। ਇੱਥੇ ਹੀ ਦੈਵੀਗੁਣ ਧਾਰਨ ਕਰਨੇ ਹਨ। ਆਪਣੇ ਤੋਂ ਪੁੱਛਣਾ ਹੈ ਸਾਡੇ ਵਿੱਚ ਕੋਈ ਅਵਗੁਣ ਤਾਂ ਨਹੀਂ? ਅਵਗੁਣ ਵੀ ਕਈ ਤਰ੍ਹਾਂ ਦੇ ਹਨ। ਸਿਗਰੇਟ ਪੀਣਾ, ਛੀ - ਛੀ ਚੀਜਾਂ ਖਾਣੀਆਂ ਇਹ ਅਵਗੁਣ ਹੈ। ਸਭਤੋਂ ਵੱਡਾ ਅਵਗੁਣ ਹੈ ਵਿਕਾਰ ਦਾ, ਜਿਸਨੂੰ ਹੀ ਬੈਡ ਕਰੈਕਟਰ ਕਹਿੰਦੇ ਹਨ। ਬਾਪ ਕਹਿੰਦੇ ਹਨ ਤੁਸੀਂ ਵਿਸ਼ਸ਼ ਬਣ ਗਏ ਹੋ। ਹੁਣ ਵਾਈਸਲੈਸ ਬਣਨ ਦੀ ਤੁਹਾਨੂੰ ਯੁਕਤੀ ਦਸਦੇ ਹਾਂ, ਇਸ ਵਿਚ ਇਨ੍ਹਾਂ ਵਿਕਾਰਾਂ ਨੂੰ, ਅਵਗੁਣਾਂ ਨੂੰ ਛੱਡ ਦੇਣਾ ਹੈ। ਕਦੇ ਵੀ ਵਿਸ਼ਸ਼ ਨਹੀਂ ਬਣਨਾ ਹੈ। ਇਸ ਜਨਮ ਵਿੱਚ ਜਿਹੜੇ ਸੁਧਰਣਗੇ ਤਾਂ ਉਹ ਸੁਧਾਰ 21 ਜਨਮਾਂ ਤੱਕ ਚਲਣਾ ਹੈ। ਸਭ ਤੋਂ ਜਰੂਰੀ ਗੱਲ ਹੈ ਵਾਈਸਲੈਸ ਬਣਨਾ। ਜਨਮ - ਜਨਮਾਂਤ੍ਰ ਦਾ ਜੋ ਬੋਝ ਸਿਰ ਤੇ ਚੜ੍ਹਿਆ ਹੋਇਆ ਹੈ, ਉਹ ਯੋਗਬਲ ਨਾਲ ਹੀ ਉਤਰੇਗਾ। ਬੱਚੇ ਜਾਣਦੇ ਹਨ ਜਨਮ - ਜਨਮਾਂਤ੍ਰ ਅਸੀਂ ਵਿਸ਼ਸ਼ ਬਣੇ ਹਾਂ। ਹੁਣ ਬਾਪ ਨਾਲ ਅਸੀਂ ਪ੍ਰਤਿਗਿਆ ਕਰਦੇ ਹਾਂ ਕਿ ਫਿਰ ਕਦੇ ਵਿਸ਼ਸ਼ ਨਹੀਂ ਬਣਾਂਗੇ। ਬਾਪ ਨੇ ਕਿਹਾ ਹੈ ਜੇਕਰ ਪਤਿਤ ਬਣੇ ਤਾਂ ਸੌ ਗੁਣਾਂ ਸਜਾ ਵੀ ਖਾਣੀ ਹੋਵੇਗੀ ਅਤੇ ਫਿਰ ਪਦ ਵੀ ਭ੍ਰਸ਼ਟ ਹੋ ਜਾਵੇਗਾ ਕਿਉਂਕਿ ਨਿੰਦਾ ਕਰਵਾਈ ਨਾ, ਤਾਂ ਗੋਇਆ ਉਸ ਤਰਫ਼ ( ਵਿਸ਼ਸ਼ ਮਨੁੱਖਾਂ ਵੱਲ) ਚਲਾ ਗਿਆ। ਇਵੇਂ ਬਹੁਤ ਚਲੇ ਜਾਂਦੇ ਹਨ ਮਤਲਬ ਹਾਰ ਖਾ ਲੈਂਦੇ ਹਨ। ਪਹਿਲੋਂ ਤੁਹਾਨੂੰ ਇਹ ਪਤਾ ਨਹੀ ਸੀ ਕਿ ਇਹ ਧੰਧਾ ਵਿਕਾਰ ਦਾ ਨਹੀਂ ਕਰਨਾ ਚਾਹੀਦਾ। ਕੋਈ - ਕੋਈ ਚੰਗੇ ਬੱਚੇ ਹੁੰਦੇ ਹਨ, ਕਹਿੰਦੇ ਹਨ ਅਸੀਂ ਬ੍ਰਹਮਚਰਿਆ ਵਿੱਚ ਰਹਾਂਗੇ। ਸੰਨਿਆਸੀਆਂ ਨੂੰ ਵੇਖ ਸਮਝਦੇ ਹਨ ਪਵਿੱਤਰਤਾ ਚੰਗੀ ਹੈ। ਪਵਿੱਤਰ ਅਤੇ ਅਪਵਿੱਤਰ ਦੁਨੀਆਂ ਵਿੱਚ ਅਪਵਿੱਤਰ ਤਾਂ ਬਹੁਤ ਰਹਿੰਦੇ ਹਨ। ਪਖਾਨੇ ਵਿੱਚ ਜਾਣਾ ਵੀ ਅਪਵਿੱਤਰ ਬਣਨਾ ਹੈ ਇਸ ਲਈ ਫੌਰਨ ਸ਼ਨਾਨ ਕਰਨਾ ਚਾਹੀਦਾ ਹੈ। ਅਪਵਿੱਤਰਤਾ ਕਈਆਂ ਤਰ੍ਹਾਂ ਦੀ ਹੁੰਦੀ ਹੈ। ਕਿਸਨੂੰ ਦੁੱਖ ਦੇਣਾ, ਲੜਨਾ - ਝਗੜ੍ਹਨਾ ਵੀ ਅਪਵਿੱਤਰ ਕੰਮ ਹੈ। ਬਾਪ ਕਹਿੰਦੇ ਹਨ ਜਨਮ - ਜਨਮਾਂਤ੍ਰ ਤਾਂ ਤੁਸੀਂ ਪਾਪ ਕੀਤੇ ਹਨ। ਉਹ ਸਾਰੀਆਂ ਆਦਤਾਂ ਹੁਣ ਮਿਟਾਉਣੀਆਂ ਹਨ। ਹੁਣ ਤੁਸੀਂ ਸੱਚੇ - ਸੱਚੇ ਮਹਾਨ ਆਤਮਾ ਬਣਨਾ ਹੈ। ਸੱਚੇ - ਸੱਚੇ ਮਹਾਨ ਆਤਮਾ ਤਾਂ ਇਹ ਲਕਸ਼ਮੀ ਨਾਰਾਇਣ ਹੀ ਹਨ ਹੋਰ ਕੋਈ ਤਾਂ ਇੱਥੇ ਬਣ ਨਾ ਸਕਣ ਕਿਉਂਕਿ ਸਾਰੇ ਤਮੋਪ੍ਰਧਾਨ ਹਨ। ਗਲਾਨੀ ਵੀ ਬਹੁਤ ਕਰਦੇ ਹਨ ਨਾ। ਉਨ੍ਹਾਂਨੂੰ ਪਤਾ ਨਹੀਂ ਚਲਦਾ ਕਿ ਅਸੀਂ ਕੀ ਕਰ ਰਹੇ ਹਾਂ। ਇੱਕ ਹੁੰਦੇ ਹਨ ਗੁਪਤ ਪਾਪ, ਦੂਸਰੇ ਪ੍ਰਤੱਖ ਪਾਪ ਵੀ ਹੁੰਦੇ ਹਨ। ਇਹ ਹੈ ਹੀ ਤਮੋਪ੍ਰਧਾਨ ਦੁਨੀਆਂ। ਬੱਚੇ ਜਾਣਦੇ ਹਨ ਬਾਪ ਸਾਨੂੰ ਹੁਣ ਸਮਝਦਾਰ ਬਣਾ ਰਹੇ ਹਨ ਇਸਲਈ ਉਨ੍ਹਾਂਨੂੰ ਸਭ ਯਾਦ ਕਰਦੇ ਹਨ। ਸਭਤੋਂ ਚੰਗੀ ਸਮਝ ਤੁਹਾਨੂੰ ਮਿਲਦੀ ਹੈ ਕਿ ਪਾਵਨ ਬਣਨਾ ਹੈ ਅਤੇ ਫ਼ਿਰ ਗੁਣ ਵੀ ਚਾਹੀਦੇ ਹਨ। ਦੇਵਤਿਆਂ ਦੇ ਅੱਗੇ ਜੋ ਤੁਸੀਂ ਮਹਿਮਾ ਗਾਉਂਦੇ ਆਏ ਹੋ, ਹੁਣ ਇਵੇਂ ਦਾ ਤੁਸੀਂ ਬਣਨਾ ਹੈ। ਬਾਪ ਸਮਝਾਉਂਦੇ ਹਨ ਮਿੱਠੇ - ਮਿੱਠੇ ਬੱਚਿਓ ਤੁਸੀਂ ਕਿੰਨੇ ਮਿੱਠੇ - ਮਿੱਠੇ ਗੁਲ - ਗੁਲ ਫੁੱਲ ਸੀ ਫਿਰ ਕੰਢੇ ਬਣ ਗਏ ਹੋ। ਹੁਣ ਬਾਪ ਨੂੰ ਯਾਦ ਕਰੋ ਤਾਂ ਤੁਹਾਡੀ ਉੱਮਰ ਲੰਬੀ ਹੋਵੇਗੀ। ਪਾਪ ਵੀ ਭਸਮ ਹੋਣਗੇ। ਸਿਰ ਤੋਂ ਬੋਝਾ ਹਲਕਾ ਹੋਵੇਗਾ। ਆਪਣੀ ਸੰਭਾਲ ਕਰਨੀ ਹੈ। ਸਾਡੇ ਵਿੱਚ ਕੀ - ਕੀ ਅਵਗੁਣ ਹਨ ਉਹ ਕਢਣੇ ਹਨ। ਜਿਵੇਂ ਨਾਰਦ ਦਾ ਮਿਸਾਲ ਹੈ ਉਨ੍ਹਾਂ ਨੂੰ ਕਿਹਾ ਤੁਸੀਂ ਲਾਇਕ ਹੋ? ਉਸਨੇ ਵੇਖਿਆ ਕਿ ਬਰੋਬਰ ਅਸੀਂ ਲਾਇਕ ਨਹੀਂ ਹਾਂ। ਬਾਪ ਤੁਹਾਨੂੰ ਉੱਚ ਬਣਾਉਂਦੇ ਹਨ, ਬਾਪ ਦੇ ਤੁਸੀਂ ਬੱਚੇ ਹੋ ਨਾ। ਜਿਵੇਂ ਕਿਸੇ ਦਾ ਬਾਪ ਮਹਾਰਾਜਾ ਹੁੰਦਾ ਹੈ ਤਾਂ ਕਹਾਂਗੇ ਨਾ ਸਾਡਾ ਬਾਬਾ ਮਹਾਰਾਜਾ ਹੈ।

ਬਾਬਾ ਬਹੁਤ ਸੁੱਖ ਦੇਣ ਵਾਲਾ ਹੈ। ਜੋ ਚੰਗੇ ਸੁਭਾਅ ਦੇ ਮਹਾਰਾਜਾ ਹੁੰਦੇ ਹਨ, ਉਨ੍ਹਾਂ ਨੂੰ ਕਦੇ ਕ੍ਰੋਧ ਨਹੀਂ ਆਉਂਦਾ ਹੈ। ਹਾਲੇ ਤਾਂ ਹੋਲੇ - ਹੋਲੇ ਸਭ ਦੀਆਂ ਕਲਾਵਾਂ ਉਤਰਦੀਆਂ ਗਈਆਂ ਹਨ। ਸਾਰੇ ਅਵਗੁਣ ਪ੍ਰਵੇਸ਼ ਕਰਦੇ ਗਏ ਹਨ। ਕਲਾ ਘੱਟਦੀ ਗਈ ਹੈ। ਤਮੋ ਹੁੰਦੇ ਗਏ ਹਨ। ਤਮੋਪ੍ਰਧਾਨ ਦੀ ਵੀ ਜਿਵੇਂ ਅੰਤ ਆਕੇ ਹੋਈ ਹੈ। ਕਿੰਨੇ ਦੁੱਖੀ ਹੋ ਗਏ ਹਨ। ਤੁਹਾਨੂੰ ਕਿੰਨਾ ਸਹਿਣ ਕਰਨਾ ਪੈਂਦਾ ਹੈ। ਹੁਣ ਅਵਿਨਾਸ਼ੀ ਸਰਜਨ ਦੁਆਰਾ ਤੁਹਾਡੀ ਦਵਾਈ ਹੋ ਰਹੀ ਹੈ। ਬਾਪ ਕਹਿੰਦੇ ਹਨ। ਇਹ 5 ਵਿਕਾਰ ਤਾਂ ਬਾਰ - ਬਾਰ ਤੁਹਾਨੂੰ ਸਤਾਉਣਗੇ। ਤੁਸੀਂ ਜਿਨ੍ਹਾਂ ਪੁਰਸ਼ਾਰਥ ਕਰੋਗੇ ਬਾਪ ਨੂੰ ਯਾਦ ਕਰਨ ਦਾ, ਓਨਾ ਹੀ ਮਾਇਆ ਤੁਹਾਨੂੰ ਹੇਠਾਂ ਡਿਗਾਉਣ ਦੀ ਕੋਸ਼ਿਸ਼ ਕਰੇਗੀ। ਤੁਹਾਡੀ ਅਵਸਥਾ ਇਵੇਂ ਮਜ਼ਬੂਤ ਹੋਣੀ ਚਾਹੀਦੀ ਹੈ ਜੋ ਕੋਈ ਮਾਇਆ ਦਾ ਤੂਫ਼ਾਨ ਹਿਲਾ ਨਹੀਂ ਸਕਦਾ। ਰਾਵਣ ਕੋਈ ਹੋਰ ਚੀਜ਼ ਨਹੀਂ ਹੈ ਜਾਂ ਕੋਈ ਮਨੁੱਖ ਨਹੀਂ ਹੈ। 5 ਵਿਕਾਰਾਂ ਰੂਪੀ ਰਾਵਣ ਨੂੰ ਹੀ ਮਾਇਆ ਕਿਹਾ ਜਾਂਦਾ ਹੈ। ਆਸੁਰੀ ਰਾਵਣ ਸੰਪਰਦਾਇ ਤੁਹਾਨੂੰ ਪਹਿਚਾਣਦੇ ਹੀ ਨਹੀਂ ਹਨ ਕਿ ਆਖ਼ਿਰ ਇਹ ਹੈ ਕੌਣ? ਇਹ ਬੀ. ਕੇ. ਕੀ ਸਮਝਦੇ ਹਨ? ਰਿਆਲਟੀ ਵਿੱਚ ਕੋਈ ਨਹੀਂ ਜਾਣਦੇ। ਇਹ ਬੀ. ਕੇ. ਕਿਉਂ ਕਹਾਉਂਦੇ ਹਨ? ਬ੍ਰਹਮਾ ਕਿਸ ਦੀ ਸੰਤਾਨ ਹੈ? ਹੁਣ ਤੁਸੀਂ ਬੱਚੇ ਜਾਣਦੇ ਹੋ ਅਸੀਂ ਵਾਪਿਸ ਘਰ ਜਾਣਾ ਹੈ। ਇਹ ਬਾਪ ਬੈਠ ਤੁਹਾਨੂੰ ਬੱਚਿਆਂ ਨੂੰ ਸਿੱਖਿਆ ਦਿੰਦੇ ਹਨ। ਆਯੂਸ਼ਵਾਨ ਭਵ, ਧਨਵਾਨ ਭਵ...ਤੁਹਾਡੀਆਂ ਸਭ ਕਾਮਨਾਵਾਂ ਪੂਰੀਆਂ ਕਰਦੇ , ਵਰਦਾਨ ਦਿੰਦੇ ਹਨ। ਪ੍ਰੰਤੂ ਸਿਰਫ਼ ਵਰਦਾਨ ਨਾਲ ਕੋਈ ਕੰਮ ਨਹੀਂ ਹੁੰਦਾ। ਮਿਹਨਤ ਕਰਨੀ ਹੈ। ਹਰ ਇੱਕ ਗੱਲ ਸਮਝਣ ਦੀ ਹੈ। ਆਪਣੇ ਨੂੰ ਰਾਜਤਿਲਕ ਦੇਣ ਦੇ ਅਧਿਕਾਰੀ ਬਣਨਾ ਹੈ। ਬਾਪ ਅਧਿਕਾਰੀ ਬਣਾਉਂਦੇ ਹਨ । ਤੁਹਾਨੂੰ ਬੱਚਿਆਂ ਨੂੰ ਸਿੱਖਿਆ ਦਿੰਦੇ ਹਨ ਇਵੇਂ - ਇਵੇਂ ਕਰੋ। ਪਹਿਲੇ ਨੰਬਰ ਦੀ ਸਿੱਖਿਆ ਦਿੰਦੇ ਹਨ। ਮਾਮੇਕਮ ਯਾਦ ਕਰੋ। ਮਨੁੱਖ ਯਾਦ ਨਹੀਂ ਕਰਦੇ ਹਨ ਕਿਉਂਕਿ ਉਹ ਜਾਣਦੇ ਹੀ ਨਹੀਂ ਤਾਂ ਯਾਦ ਵੀ ਰਾਂਗ ਹੈ। ਕਹਿੰਦੇ ਈਸ਼ਵਰ ਸਰਵਵਿਆਪੀ ਹੈ। ਫ਼ਿਰ ਸ਼ਿਵਬਾਬਾ ਨੂੰ ਯਾਦ ਕਿਵੇਂ ਕਰਨਗੇ! ਸ਼ਿਵ ਦੇ ਮੰਦਿਰ ਵਿੱਚ ਜਾਕੇ ਪੂਜਾ ਕਰਦੇ ਹਨ ਤੁਸੀਂ ਪੁੱਛੋ ਇਨ੍ਹਾਂ ਦਾ ਆਕਉਪੇਸ਼ਨ ਦੱਸੋ? ਤਾਂ ਕਹਿਣਗੇ ਭਗਵਾਨ ਸਰਵਵਿਆਪੀ ਹੈ। ਪੂਜਾ ਕਰਦੇ ਹਨ, ਰਹਿਮ ਮੰਗਦੇ ਹਨ, ਮੰਗਦੇ ਹੋਏ ਫਿਰ ਕੋਈ ਪੁੱਛਦਾ ਹੈ ਪਰਮਾਤਮਾ ਕਿੱਥੇ ਹੈ? ਤਾਂ ਕਹਿੰਦੇ ਹਨ ਸਰਵਵਿਆਪੀ ਹੈ। ਚਿੱਤਰ ਦੇ ਸਾਹਮਣੇ ਕੀ ਕਰਦੇ ਹਨ ਤੇ ਫ਼ਿਰ ਚਿੱਤਰ ਸਾਹਮਣੇ ਨਹੀਂ ਤਾਂ ਕਲਾ ਕਾਇਆ ਹੀ ਚੱਟ ਹੋ ਜਾਂਦੀ ਹੈ। ਭਗਤੀ ਵਿੱਚ ਕਿੰਨੀਆਂ ਭੁੱਲਾਂ ਕਰਦੇ ਹਨ। ਫ਼ਿਰ ਵੀ ਭਗਤੀ ਨਾਲ ਕਿੰਨਾ ਪਿਆਰ ਹੈ। ਕ੍ਰਿਸ਼ਨ ਦੇ ਲਈ ਕਿੰਨਾ ਨਿਰਜ਼ਲ ਆਦਿ ਕਰਦੇ ਹਨ। ਇੱਥੇ ਤੁਸੀਂ ਪੜ੍ਹ ਰਹੇ ਹੋ ਅਤੇ ਉਹ ਭਗਤ ਲੋਕ ਕੀ - ਕੀ ਕਰਦੇ ਹਨ। ਤੁਹਾਨੂੰ ਹੁਣ ਹਾਸਾ ਆਉਂਦਾ ਹੈ। ਡਰਾਮੇ ਅਨੁਸਾਰ ਭਗਤੀ ਕਰਦੇ ਕਦਮ ਹੇਠਾਂ ਉਤਰਦੇ ਆਏ ਹਨ। ਉਪਰ ਤਾਂ ਕੋਈ ਚੜ੍ਹ ਨਹੀਂ ਸਕਦਾ।

ਹੁਣ ਇਹ ਹੈ ਪੁਰਸ਼ੋਤਮ ਸੰਗਮਯੁੱਗ, ਜਿਸਦਾ ਕਿਸੇ ਨੂੰ ਪਤਾ ਨਹੀਂ ਹੈ। ਹਾਲੇ ਤੁਸੀਂ ਪੁਰਸ਼ੋਤਮ ਬਣਨ ਲਈ ਪੁਰਸ਼ਾਰਥ ਕਰਦੇ ਹੋ। ਟੀਚਰ ਸਟੂਡੈਂਟਸ ਦਾ ਸਰਵੈਂਟ ਹੁੰਦਾ ਹੈ ਨਾ, ਸਟੂਡੈਂਟ ਦੀ ਸਰਵਿਸ ਕਰਦੇ ਹਨ! ਗੌਰਮਿੰਟ ਸਰਵੈਂਟ ਹਨ। ਬਾਪ ਵੀ ਕਹਿੰਦੇ ਹਨ- ਸੇਵਾ ਕਰਦਾ ਹਾਂ, ਤੁਹਾਨੂੰ ਪੜ੍ਹਾਉਂਦਾ ਵੀ ਹਾਂ। ਸਾਰੀਆਂ ਆਤਮਾਵਾਂ ਦਾ ਬਾਪ ਹੈ। ਟੀਚਰ ਵੀ ਬਣਦੇ ਹਨ । ਸ੍ਰਿਸ਼ਟੀ ਦੇ ਆਦਿ - ਮੱਧ - ਅੰਤ ਦਾ ਗਿਆਨ ਵੀ ਸੁਣਾਉਂਦੇ ਹਨ। ਇਹ ਗਿਆਨ ਹੋਰ ਕਿਸੇ ਮਨੁੱਖ ਵਿੱਚ ਹੋ ਨਹੀਂ ਸਕਦਾ। ਕੋਈ ਸਿਖਾ ਨਹੀਂ ਸਕਦਾ। ਤੁਸੀਂ ਪੁਰਸ਼ਰਥ ਹੀ ਕਰਦੇ ਹੋ ਕਿ ਅਸੀਂ ਇਹ ਬਣੀਏ। ਦੁਨੀਆਂ ਵਿੱਚ ਮਨੁੱਖ ਕਿੰਨੇ ਤਮੋਪ੍ਰਧਾਨ ਬੁੱਧੀ ਹਨ। ਬਹੁਤ ਖੌਫ਼ਨਾਕ ਦੁਨੀਆਂ ਹੈ। ਜੋ ਮਨੁੱਖ ਨੂੰ ਨਹੀਂ ਕਰਨਾ ਚਾਹੀਦਾ ਉਹ ਕਰਦੇ ਹਨ। ਕਿੰਨਾ ਖ਼ੂਨ, ਡਾਕਾ ਆਦਿ ਲਗਾਉਂਦੇ ਹਨ। ਕੀ ਨਹੀਂ ਕਰਦੇ ਹਨ। 100 ਪ੍ਰਤੀਸ਼ਤ ਤਮੋਪ੍ਰਧਾਨ ਹਨ। ਹੁਣ ਤੁਸੀਂ ਫ਼ਿਰ 100 ਪ੍ਰਤੀਸ਼ਤ ਸਤੋਪ੍ਰਧਾਨ ਬਣ ਰਹੇ ਹੋ। ਉਸਦੇ ਲਈ ਯੁਕਤੀ ਦੱਸੀ ਹੈ ਯਾਦ ਦੀ ਯਾਤਰਾ। ਯਾਦ ਨਾਲ ਹੀ ਵਿਕਰਮ ਵਿਨਾਸ਼ ਹੋਣਗੇ, ਬਾਪ ਨੂੰ ਜਾਕੇ ਮਿਲਣਗੇ। ਭਗਵਾਨ ਆਉਂਦੇ ਕਿਵੇਂ ਹਨ ਇਹ ਵੀ ਤੁਸੀਂ ਸਮਝਦੇ ਹੋ। ਇਸ ਰਥ ਵਿੱਚ ਆਏ ਹਨ। ਬ੍ਰਹਮਾ ਦੇ ਥਰੂ ਸੁਣਾਉਂਦੇ ਹਨ। ਜੋ ਫਿਰ ਤੁਸੀਂ ਧਾਰਨ ਕਰ ਦੂਸਰਿਆਂ ਨੂੰ ਸੁਣਾਉਂਦੇ ਹੋ ਤਾਂ ਦਿਲ ਹੁੰਦੀ ਹੈ ਡਾਇਰੈਕਟ ਸੁਣੀਏ। ਬਾਪ ਦੇ ਪਰਿਵਾਰ ਵਿੱਚ ਜਾਈਏ। ਇੱਥੇ ਬਾਪ ਵੀ ਹੈ, ਮਾਂ ਵੀ ਹੈ, ਬੱਚੇ ਵੀ ਹਨ। ਪਰਿਵਾਰ ਵਿੱਚ ਆ ਜਾਂਦੇ ਹਨ। ਉਹ ਤਾਂ ਦੁਨੀਆਂ ਹੀ ਆਸੁਰੀ ਹੈ। ਤਾਂ ਆਸੁਰੀ ਪਰਿਵਾਰ ਤੋਂ ਤੁਸੀਂ ਤੰਗ ਹੋ ਜਾਂਦੇ ਹੋ ਇਸਲਈ ਧੰਧਾ ਆਦਿ ਛੱਡ ਕੇ ਬਾਬਾ ਦੇ ਕੋਲ ਰਿਫਰੈਸ਼ ਹੋਣ ਆਉਂਦੇ ਹੋ। ਇੱਥੇ ਰਹਿੰਦੇ ਵੀ ਬ੍ਰਾਹਮਣ ਹਨ। ਤਾਂ ਇਸ ਪਰਿਵਾਰ ਵਿੱਚ ਆਕੇ ਬੈਠਦੇ ਹੋ। ਘਰ ਵਿੱਚ ਜਾਵੋਗੇ ਤਾਂ ਫ਼ਿਰ ਇਵੇਂ ਦਾ ਪਰਿਵਾਰ ਨਹੀਂ ਹੋਵੇਗਾ। ਉੱਥੇ ਤਾਂ ਦੇਹਧਾਰੀ ਹੋ ਜਾਂਦੇ, ਉਸ ਗੋਰਖਧੰਦੇ ਤੋਂ ਨਿਕਲ ਤੁਸੀਂ ਇੱਥੇ ਆਉਂਦੇ ਹੋ। ਹੁਣ ਬਾਪ ਕਹਿੰਦੇ ਹਨ ਦੇਹ ਦੇ ਸਭ ਸਬੰਧ ਛੱਡੋ। ਖੁਸ਼ਬੂਦਾਰ ਫੁੱਲ ਬਣਨਾ ਹੈ। ਫੁੱਲ ਵਿੱਚ ਖੁਸ਼ਬੂ ਹੁੰਦੀ ਹੈ। ਸਾਰੇ ਚੁੱਕ ਕੇ ਖ਼ੁਸ਼ਬੂ ਲੈਂਦੇ ਹਨ। ਅੱਕ ਦੇ ਫ਼ਲ ਨੂੰ ਨਹੀਂ ਚੁੱਕਣਗੇ। ਤਾਂ ਫੁੱਲ ਬਣਨ ਦੇ ਲਈ ਪੁਰਸ਼ਾਰਥ ਕਰਨਾ ਹੈ ਇਸਲਈ ਬਾਬਾ ਵੀ ਫੁੱਲ ਲੈ ਆਉਂਦੇ ਹਨ, ਇਵੇਂ ਦੇ ਬਣਨਾ ਹੈ। ਘਰ ਗ੍ਰਹਿਸਤ ਵਿੱਚ ਰਹਿੰਦੇ ਇੱਕ ਬਾਪ ਨੂੰ ਯਾਦ ਕਰਨਾ ਹੈ। ਤੁਸੀਂ ਜਾਣਦੇ ਹੋ ਇਹ ਦੇਹ ਦੇ ਸਬੰਧੀ ਤਾਂ ਖ਼ਲਾਸ ਜੋ ਜਾਣੇ ਹਨ। ਤੁਸੀਂ ਇੱਥੇ ਗੁਪਤ ਕਮਾਈ ਕਰ ਰਹੇ ਹੋ। ਤੁਸੀਂ ਸ਼ਰੀਰ ਛੱਡਣਾ ਹੈ, ਕਮਾਈ ਕਰਕੇ ਅਤੇ ਬੜੀ ਖੁਸ਼ੀ ਨਾਲ ਹਰਸ਼ਿਤਮੁੱਖ ਹੋ ਸ਼ਰੀਰ ਛੱਡਣਾ ਹੈ। ਘੁੰਮਦੇ ਫਿਰਦੇ ਵੀ ਬਾਪ ਦੀ ਯਾਦ ਵਿੱਚ ਰਹੋ ਤਾਂ ਤੁਹਾਨੂੰ ਕਦੇ ਵੀ ਥਕਾਵਟ ਨਹੀ ਹੋਵੇਗੀ। ਬਾਪ ਦੀ ਯਾਦ ਵਿੱਚ ਅਸ਼ਰੀਰੀ ਹੋ ਕਿੰਨਾ ਵੀ ਚੱਕਰ ਲਗਾਓ, ਭਾਵੇਂ ਇਥੋਂ ਹੇਠਾਂ ਆਬੂਰੋਡ ਤੱਕ ਚਲੇ ਜਾਵੋ ਤਾਂ ਵੀ ਥਕਾਵਟ ਨਹੀਂ ਹੋਵੇਗੀ। ਪਾਪ ਕੱਟ ਜਾਣਗੇ। ਹਲਕੇ ਹੋ ਜਾਵੋਗੇ। ਤੁਹਾਨੂੰ ਬੱਚਿਆਂ ਨੂੰ ਕਿੰਨਾ ਫ਼ਾਇਦਾ ਹੁੰਦਾ ਹੈ ਹੋਰ ਕੋਈ ਤਾਂ ਜਾਣ ਨਹੀਂ ਸਕਦਾ। ਸਾਰੀ ਦੁਨੀਆਂ ਦੇ ਮਨੁੱਖ ਪੁਕਾਰਦੇ ਹਨ ਪਤਿਤ - ਪਾਵਨ ਆਕੇ ਪਾਵਨ ਬਣਾਓ। ਫ਼ਿਰ ਉਨ੍ਹਾਂ ਨੂੰ ਮਹਾਤਮਾ ਕਿਵੇਂ ਕਹਾਂਗੇ। ਪਤਿਤ ਨੂੰ ਫ਼ਿਰ ਮੱਥਾ ਥੋੜ੍ਹੀ ਨਾ ਟੇਕਿਆ ਜਾਂਦਾ ਹੈ। ਮੱਥਾ ਪਾਵਨ ਦੇ ਅੱਗੇ ਝੁਕਾਇਆ ਜਾਂਦਾ ਹੈ। ਕੰਨਿਆ ਦਾ ਮਿਸਾਲ ਹੈ - ਜਦੋਂ ਵਿਕਾਰੀ ਬਣਦੀ ਤਾਂ ਸਭ ਦੇ ਅੱਗੇ ਸਿਰ ਝੁਕਾਉਂਦੀ ਹੈ ਅਤੇ ਫ਼ਿਰ ਪੁਕਾਰਦੀ ਹੈ ਹੇ ਪਤਿਤ ਪਾਵਨ ਆਓ। ਅਰੇ, ਪਤਿਤ ਬਣੇਂ ਹੀ ਕਿਓਂ ਜੋ ਪੁਕਾਰਨਾ ਪਵੇ। ਸਭਦੇ ਸ਼ਰੀਰ ਵਿਕਾਰ ਦੀ ਪੈਦਾਇਸ਼ ਹੈ ਨਾ ਕਿਉਂਕਿ ਰਾਵਣ ਦਾ ਰਾਜ ਹੈ। ਹੁਣ ਤੁਸੀਂ ਰਾਵਣ ਤੋਂ ਨਿਕਲ ਆਏ ਹੋ। ਇਸਨੂੰ ਕਿਹਾ ਜਾਂਦਾ ਹੈ - ਪੁਰਸ਼ੋਤਮ

ਸੰਗਮਯੁੱਗ। ਹੁਣ ਤੁਸੀਂ ਪੁਰਸ਼ਾਰਥ ਕਰ ਰਹੇ ਹੋ ਰਾਮਰਾਜ ਵਿਚ ਜਾਣ ਵਾਸਤੇ। ਸਤਿਯੁੱਗ ਹੈ ਰਾਮ ਰਾਜ। ਸਿਰਫ਼ ਤ੍ਰੇਤਾ ਵਿੱਚ ਰਾਮਰਾਜ ਕਹੋਂ ਤਾਂ ਫਿਰ ਸੂਰਜਵੰਸ਼ੀ ਲਕਸ਼ਮੀ - ਨਾਰਾਇਣ ਦਾ ਰਾਜ ਕਿਥੇ ਗਿਆ? ਤਾਂ ਇਹ ਸਭ ਗਿਆਨ ਹੁਣ ਤੁਹਾਨੂੰ ਬੱਚਿਆਂ ਨੂੰ ਮਿਲ ਰਿਹਾ ਹੈ। ਨਵੇਂ - ਨਵੇਂ ਆਉਂਦੇ ਹਨ ਜਿਨ੍ਹਾਂ ਨੂੰ ਤੁਸੀਂ ਗਿਆਨ ਦਿੰਦੇ ਹੋ। ਲਾਇਕ ਬਣਾਉਂਦੇ ਹੋ। ਕਿਸੇ ਦਾ ਸੰਗ ਇਵੇਂ ਦਾ ਮਿਲਦਾ ਹੈ ਜੋ ਫ਼ਿਰ ਲਾਇਕ ਤੋਂ ਨਾਲਾਇਕ ਬਣ ਜਾਂਦੇ ਹੋ। ਬਾਪ ਪਾਵਨ ਬਣਾਉਂਦੇ ਹਨ। ਤਾਂ ਹੁਣ ਪਤਿਤ ਬਣਨਾ ਹੀ ਨਹੀਂ ਹੈ। ਜਦੋਂਕਿ ਬਾਪ ਆਇਆ ਹੈ ਪਾਵਨ ਬਣਾਉਣ, ਮਾਇਆ ਐਸੀ ਜ਼ਬਰਦਸਤ ਹੈ ਜੋ ਪਤਿਤ ਬਣਾ ਦਿੰਦੀ ਹੈ। ਹਰਾ ਦਿੰਦੀ ਹੈ। ਕਹਿੰਦੇ ਹਨ ਬਾਬਾ ਰੱਖਿਆ ਕਰੋ। ਵਾਹ, ਲੜ੍ਹਾਈ ਦੇ ਮੈਦਾਨ ਵਿੱਚ ਢੇਰ ਮਰਦੇ ਹਨ ਫਿਰ ਰੱਖਿਆ ਕੀਤੀ ਜਾਂਦੀ ਹੈ ਕੀ! ਇਹ ਮਾਇਆ ਦੀ ਗੋਲੀ ਬੰਦੂਕ ਦੀ ਗੋਲੀ ਨਾਲੋਂ ਵੀ ਬਹੁਤ ਕੜੀ ਹੈ। ਕਾਮ ਦੀ ਸੱਟ ਵੱਜੀ ਤਾਂ ਗੋਇਆ ਉਪਰ ਤੋਂ ਡਿੱਗੇ। ਸਤਿਯੁੱਗ ਵਿੱਚ ਸਭ ਪਵਿੱਤਰ ਗ੍ਰਹਿਸਤ ਧਰਮ ਵਾਲੇ ਹੁੰਦੇ ਹਨ। ਜਿਨ੍ਹਾਂ ਨੂੰ ਦੇਵਤਾ ਕਿਹਾ ਜਾਂਦਾ ਹੈ। ਹੁਣ ਤੁਸੀਂ ਜਾਣਦੇ ਹੋ ਬਾਪ ਕਿਵੇਂ ਆਏ ਹਨ, ਕਿੱਥੇ ਰਹਿੰਦੇ ਹਨ, ਕਿਵੇਂ ਆਕੇ ਰਾਜਯੋਗ ਸਿਖਾਉਂਦੇ ਹਨ? ਵਿਖਾਉਂਦੇ ਹਨ ਅਰਜੁਨ ਦੇ ਰਥ ਤੇ ਬੈਠ ਗਿਆਨ ਦਿੱਤਾ ਹੈ। ਫ਼ਿਰ ਉਹਨਾਂ ਨੂੰ ਸਰਵਵਿਆਪੀ ਕਿਓ ਕਹਿੰਦੇ? ਬਾਪ ਜੋ ਸਵਰਗ ਦੀ ਸਥਪਨਾ ਕਰਦੇ ਹਨ ਉਨ੍ਹਾਂ ਨੂੰ ਹੀ ਭੁੱਲ ਗਏ ਹੋ। ਹੁਣ ਉਹ ਆਪ ਆਪਣਾ ਪਰਿਚੈ ਦਿੰਦੇ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਮਹਾਨ ਆਤਮਾ ਬਣਨ ਦੇ ਲਈ ਅਪਵਿੱਤਰਤਾ ਦੀਆਂ ਜੋ ਵੀ ਗੰਦੀਆਂ ਆਦਤਾਂ ਹਨ, ਉਹ ਮਿਟਾ ਦੇਣੀਆਂ ਹਨ। ਦੁੱਖ ਦੇਣਾ, ਲੜਨਾ - ਝਗੜ੍ਹਨਾ... ਇਹ ਸਭ ਅਪਵਿੱਤਰ ਕਰਤੱਵ ਹਨ ਜੋ ਤੁਸੀਂ ਨਹੀਂ ਕਰਨੇ ਹਨ। ਆਪਣੇ ਆਪਨੂੰ ਰਾਜਤਿਲਕ ਦੇਣ ਦਾ ਅਧਿਕਾਰੀ ਬਣਾਉਣਾ ਹੈ।

2. ਬੁੱਧੀ ਨੂੰ ਸਭ ਗੋਰਖ ਧੰਦੇ ਤੋਂ, ਦੇਹਧਾਰੀਆਂ ਤੋਂ ਕੱਢ ਖੁਸ਼ਬੂਦਾਰ ਫੁੱਲ ਬਣਨਾ ਹੈ। ਗੁਪਤ ਕਮਾਈ ਜਮਾਂ ਕਰਨ ਦੇ ਲਈ ਚਲਦੇ - ਫਿਰਦੇ ਅਸ਼ਰੀਰੀ ਰਹਿਣ ਦਾ ਅਭਿਆਸ ਕਰਨਾ ਹੈ।

ਵਰਦਾਨ:- ਆਪਣੇ ਸ਼ੁਭ ਚਿੰਤਨ ਦੀ ਸ਼ਕਤੀ ਨਾਲ ਆਤਮਾਵਾਂ ਨੂੰ ਚਿੰਤਾ ਮੁਕਤ ਬਨਾਉਣ ਵਾਲੀ ਸ਼ੁਭਚਿੰਤਕ ਮਨੀ ਭਵ।

ਅੱਜ ਦੇ ਯੁੱਗ ਵਿਚ ਸਭ ਆਤਮਾਵਾਂ ਚਿੰਤਾਮਣੀ ਹਨ। ਉਨ੍ਹਾਂ ਚਿੰਤਾ ਮਣੀਆਂ ਨੂੰ ਤੁਸੀ ਸ਼ੁਭ ਚਿੰਤਕ ਮਣੀਆਂ ਆਪਣੇ ਸ਼ੁਭ - ਚਿੰਤਨ ਦੀ ਸ਼ਕਤੀ ਦਵਾਰਾ ਪਰਿਵਰਤਨ ਕਰ ਸਕਦੇ ਹੋ। ਜਿਵੇਂ ਸੂਰਜ ਦੀਆਂ ਕਿਰਨਾਂ ਦੂਰ - ਦੂਰ ਤੱਕ ਹਨੇਰੇ ਨੂੰ ਮਿਟਾਉਂਦੀਆਂ ਹਨ ਇਵੇਂ ਤੁਸੀ ਸ਼ੁਭ ਚਿੰਤਕ ਮਣੀਆਂ ਦੀ ਸ਼ੁਭ ਸੰਕਲਪ ਰੂਪੀ ਚਮਕ ਅਤੇ ਕਿਰਨਾਂ ਵਿਸ਼ਵ ਵਿਚ ਚਾਰੋਂ ਪਾਸੇ ਫੈਲ ਰਹੀਆਂ ਹਨ ਇਸਲਈ ਸਮਝਦੇ ਹਨ ਕਿ ਕੋਈ ਸਪ੍ਰਿਚੁਅਲ ਲਾਈਟ ਗੁਪਤ ਰੂਪ ਵਿਚ ਆਪਣਾ ਕੰਮ ਕਰ ਰਹੀ ਹੈ। ਇਹ ਟਚਿੰਗ ਹਾਲੇ ਸ਼ੁਰੂ ਹੋਈ ਹੈ, ਆਖਿਰ ਲੱਭਦੇ - ਲੱਭਦੇ ਜਗ੍ਹਾ ਤੇ ਪਹੁੰਚ ਜਾਣਗੇ।

ਸਲੋਗਨ:- ਬਾਪ ਦਾਦਾ ਦੇ ਡਾਇਰੈਕਸ਼ਨ ਨੂੰ ਕਲੀਅਰ ਕੈਚ ਕਰਨ ਦੇ ਲਈ ਮਨ -ਬੁੱਧੀ ਦੀ ਲਾਇਨ ਨੂੰ ਕਲੀਅਰ ਰੱਖੋ।

******